


## ਚੰਗੇ ਅਚਾਰ ਦੇ ਗੁਣ

**ਉੱਲੀ ਰਹਿਤ:-** ਜੇ ਅਚਾਰ ਬਣਾਉਣ ਸਮੇਂ ਚਾਰੇ ਨੂੰ ਚੰਗੀ ਤਰ੍ਹਾਂ ਪ੍ਰੈਸ ਨਾ ਕੀਤਾ ਜਾਵੇ ਅਤੇ ਹਵਾ ਬੰਦ ਨਾ ਰੱਖਿਆ ਜਾਵੇ ਤਾਂ ਇਸ ਵਿੱਚ ਉੱਲੀ ਲੱਗ ਜਾਂਦੀ ਹੈ। ਉੱਲੀ ਵਾਲਾ ਅਚਾਰ ਪਸ਼ੂਆਂ ਨੂੰ ਨਹੀਂ ਖੁਆਉਣਾ ਚਾਹੀਦਾ।

**ਸੁਆਦ:-** ਅਚਾਰ ਦਾ ਸੁਆਦ ਖੱਟਾ-ਮਿੱਠਾ ਹੁੰਦਾ ਹੈ ਅਤੇ ਇਸ ਵਿੱਚੋਂ ਸਿਰਕੇ ਵਰਗੀ ਸੁਗੰਧ ਆਉਂਦੀ ਹੈ ਜਦਕਿ ਖਰਾਬ ਅਚਾਰ ਵਿੱਚੋਂ ਬਦਬੂ ਆਉਂਦੀ ਹੈ।

**ਰੰਗ:-** ਚੰਗੇ ਅਚਾਰ ਦਾ ਰੰਗ ਹਰਾ ਸੁਨਹਿਰੀ ਹੁੰਦਾ ਹੈ ਜਦਕਿ ਖਰਾਬ ਅਚਾਰ ਦਾ ਰੰਗ ਗੂੜਾ ਭੂਰਾ ਹੁੰਦਾ ਹੈ।

**ਪੀ.ਐਚ:-** ਚੰਗੇ ਅਚਾਰ ਦੀ ਪੀ.ਐਚ. 3.5 ਤੋਂ 4.2 ਹੁੰਦੀ ਹੈ।

## ਪਸ਼ੂਆਂ ਨੂੰ ਅਚਾਰ ਖੁਆਉਣ ਦਾ ਢੰਗ

45 ਦਿਨਾਂ ਬਾਅਦ ਟੋਏ ਨੂੰ ਇੱਕ ਪਾਸੇ ਤੋਂ ਖੋਲ ਕੇ ਅਚਾਰ ਨੂੰ ਵਰਤਣਾ ਸ਼ੁਰੂ ਕਰਨਾ ਚਾਹੀਦਾ ਹੈ। ਜਦੋਂ ਅਚਾਰ ਨਾ ਵਰਤਣਾ ਹੋਵੇ ਤਾਂ ਟੋਏ ਨੂੰ ਫਿਰ ਤਰਪਾਲ ਨਾਲ ਢੱਕ ਦਿਉ ਤਾਂ ਜੋ ਹਵਾ ਜਾਂ ਪਾਣੀ ਇਸ ਦੇ ਅੰਦਰ ਨਾ ਜਾਵੇ। ਸ਼ੁਰੂ ਵਿੱਚ ਪਸ਼ੂਆਂ ਨੂੰ ਇਸ ਦਾ ਸੁਆਦ ਪਾਉਣ ਲਈ 5-6 ਕਿਲੋ ਅਚਾਰ ਨੂੰ ਹਰੇ ਪੱਠਿਆਂ ਵਿੱਚ ਰਲਾ ਕੇ ਖੁਆਉ ਅਤੇ ਜਦੋਂ ਪਸ਼ੂਆਂ ਨੂੰ ਇਸਦਾ ਸੁਆਦ ਪੈ ਜਾਵੇ ਤਾਂ ਹਰ ਪਸ਼ੂ ਨੂੰ ਰੋਜ਼ 20-25 ਕਿੱਲੋ ਅਚਾਰ ਖੁਆਉ।





ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਡਾ. ਬਲਵਿੰਦਰ ਕੁਮਾਰ
ਉਪ ਨਿਰਦੇਸ਼ਕ (ਸਿਖਲਾਈ)
ਮੋਬਾਇਲ: 98729-74326

ਨਵਜੋਤ ਸਿੰਘ ਬਰਾੜ
ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ)
ਮੋਬਾਇਲ: 94177-02021


# ਪਸ਼ੂਆਂ ਨੂੰ ਮੱਕੀ ਦਾ ਅਚਾਰ ਖਵਾਉ
# ਸਿਹਤਮੰਦ ਲਵੇਰਾ ਅਤੇ ਦੁੱਧ ਉਤਪਾਦਨ ਵਧਾਉ








ਬਲਵਿੰਦਰ ਕੁਮਾਰ
ਨਵਜੋਤ ਸਿੰਘ ਬਰਾੜ
ਸਸ਼ੀਪਾਲ
ਅਨਿਲ ਕੁਮਾਰ

ਕ੍ਰਿਸ਼ੀ ਵਿਗਿਆਨ ਕੇਂਦਰ,
ਬੂਹ, ਤਰਨ ਤਾਰਨ
ਨਿਰਦੇਸ਼ਕ ਪ੍ਰਸਾਰ ਸਿੱਖਿਆ,
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

ਹਰੇ ਚਾਰੇ ਦਾ ਅਚਾਰ ਬਣਾਉਣਾ, ਇਸ ਨੂੰ ਭੰਡਾਰ ਕਰਨ ਦਾ ਸਭ ਤੋਂ ਪ੍ਰਮੁੱਖ ਅਤੇ ਸੁਚੱਜਾ ਪ੍ਰਬੰਧ ਹੈ। ਇਹ ਬਹੁਤ ਜ਼ਰੂਰੀ ਹੈ ਕਿ ਡੇਅਰੀ ਨੂੰ ਅਪਨਾਉਣ ਵਾਲੇ ਪਸ਼ੂ ਪਾਲਕ ਚਾਰੇ ਨੂੰ ਭੰਡਾਰ ਕਰਨ ਦੇ ਇਸ ਤਰੀਕੇ ਨੂੰ ਵੱਡੇ ਪੱਧਰ ਤੇ ਅਪਨਾਉਣ। ਸੋਕੇ ਸਮੇਂ, ਬਰਸਾਤ ਵਿੱਚ ਤੇਜ਼ ਮੀਂਹ ਦੇ ਦਿਨਾਂ ਵਿੱਚ ਜਾਂ ਹਰੇ ਚਾਰੇ ਦੀ ਘਾਟ ਵਾਲੇ ਨਵੰਬਰ-ਦਸੰਬਰ ਅਤੇ ਮਈ-ਜੂਨ ਦੇ ਮਹੀਨਿਆਂ ਵਿੱਚ ਪਸ਼ੂਆਂ ਦੀ ਜਰੂਰਤ ਹਰੇ ਚਾਰੇ ਦੇ ਅਚਾਰ ਤੋਂ ਪੂਰੀ ਕੀਤੀ ਜਾ ਸਕਦੀ ਹੈ। ਹਰੇ ਚਾਰੇ ਦੇ ਅਚਾਰ ਦੀ ਵਰਤੋਂ ਨਾਲ ਦੁੱਧ ਦੀ ਭਰਪੂਰ ਪੈਦਾਵਾਰ ਪ੍ਰਾਪਤ ਕੀਤੀ ਜਾ ਸਕਦੀ ਹੈ।

## ਹਰੇ ਚਾਰੇ ਤੋਂ ਅਚਾਰ ਬਣਾਉਣ ਦੇ ਫਾਇਦੇ

* ਅਚਾਰ ਬਣਾਉਣ ਦੇ ਤਰੀਕੇ ਵਿੱਚ ਚਾਰੇ ਵਾਲੀ ਫਸਲ ਦੇ ਸਾਰੇ ਭਾਗਾਂ ਨੂੰ ਸਹੀ ਪ੍ਰਸਥਿਤੀ ਵਿੱਚ ਭੰਡਾਰ ਕਰਕੇ ਰੱਖਿਆ ਜਾ ਸਕਦਾ ਹੈ। ਚਾਰੇ ਨੂੰ ਭੰਡਾਰ ਕਰਨ ਦੇ ਹੋਰ ਕਿਸੇ ਤਰੀਕੇ ਵਿੱਚ ਇਹ ਸੰਭਵ ਨਹੀਂ ਹੈ।
* ਅਚਾਰ ਬਣਾਉਣ ਨਾਲ ਚਾਰੇ ਨੂੰ ਬਹੁਤ ਘੱਟ ਜਗ੍ਹਾ ਵਿੱਚ ਭੰਡਾਰ ਕਰਕੇ ਰੱਖਿਆ ਜਾ ਸਕਦਾ ਹੈ।
* ਇਸ ਤਰੀਕੇ ਨਾਲ ਹਰੇ ਚਾਰੇ ਨੂੰ ਰੋਜ ਵੱਢਣ, ਕੁਤਰਨ ਆਦਿ ਲਈ ਲੋੜੀਂਦੀ ਲੇਬਰ ਅਤੇ ਸਮੇਂ ਦੀ ਬੱਚਤ ਹੁੰਦੀ ਹੈ। ਇਸ ਤਰੀਕੇ ਨਾਲ ਸਾਰੇ ਚਾਰੇ ਨੂੰ ਇੱਕੋ ਵਾਰ ਹੀ ਵੱਢ ਕੇ ਕੁਤਰ ਲਿਆ ਜਾਂਦਾ ਹੈ।
* ਅਚਾਰ ਬਣਾਉਣ ਲਈ ਸਾਰੀ ਫਸਲ ਨੂੰ ਬਿਜਾਈ ਤੋਂ 60-70 ਦਿਨ ਬਾਅਦ ਕੱਟ ਲਿਆ ਜਾਂਦਾ ਹੈ ਅਤੇ ਉਸ ਰਕਬੇ ਨੂੰ ਹੋਰ ਫਸਲਾਂ ਉਗਾਉਣ ਲਈ ਵਰਤਿਆ ਜਾ ਸਕਦਾ ਹੈ।
* ਅਚਾਰ ਬਣਾਉਣ ਲਈ ਚਾਰੇ ਨੂੰ ਹਵਾ ਬੰਦ ਤਰੀਕੇ ਨਾਲ ਭੰਡਾਰ ਕੀਤਾ ਜਾਂਦਾ ਹੈ ਅਤੇ ਇਸ ਨੂੰ ਅੱਗ ਲੱਗਣ ਦਾ ਵੀ ਕੋਈ ਖਤਰਾ ਨਹੀਂ ਰਹਿੰਦਾ।
* ਅਚਾਰ ਵਿੱਚ ਲੈਕਟਿਕ ਐਸਿਡ ਦੀ ਹੋਂਦ ਕਾਰਣ ਇਸ ਨੂੰ ਪਸ਼ੂ ਅਸਾਨੀ ਨਾਲ ਹਜ਼ਮ ਕਰ ਸਕਦਾ ਹੈ। ਪਸ਼ੂ ਦੀ ਚਾਰੇ ਨੂੰ ਹਜ਼ਮ ਕਰਨ ਲਈ ਵਰਤੀ ਜਾਣ ਵਾਲੀ ਊਰਜਾ ਦੀ ਬੱਚਤ ਹੁੰਦੀ ਹੈ। ਇਸ ਉਰਜਾ ਨੂੰ ਹੋਰ ਕੰਮ ਜਿਵੇਂ ਕਿ ਦੁੱਧ ਬਣਾਉਣ ਲਈ ਪਸ਼ੂ ਦੁਆਰਾ ਵਰਤ ਲਿਆ ਜਾਂਦਾ ਹੈ। ਅਚਾਰ ਰਸੀਲਾ ਅਤੇ ਸਵਾਦੀ ਹੁੰਦਾ ਹੈ, ਇਸ ਲਈ ਇਹ ਪਸ਼ੂਆਂ ਦੀ ਭੁੱਖ ਨੂੰ ਵੀ ਵਧਾਉਂਦਾ ਹੈ।





## ਅਚਾਰ ਬਣਾਉਣ ਦਾ ਤਰੀਕਾ

ਅਚਾਰ ਬਣਾਉਣ ਲਈ ਪ੍ਰਮੁੱਖ ਫਸਲ : ਮੱਕੀ
ਉੱਨਤ ਕਿਸਮਾਂ : ਡੀ ਕੇ ਸੀ 9108, ਪੀ ਐਮ ਐਚ 1, ਜੇ 1006
ਗੈਰ ਪ੍ਰਮਾਣਿਤ ਕਿਸਮਾਂ : ਪੀ 1844, ਪੀ 31**Y45**

ਕਟਾਈ:
ਅਚਾਰ ਬਣਾਉਣ ਲਈ ਫ਼ਸਲ ਦੀ ਕਟਾਈ ਉਸ ਸਮੇਂ ਕਰੋ ਜਦੋਂ ਇਹ ਪੋਸ਼ਟਿਕ ਤੱਤਾਂ ਨਾਲ ਭਰਪੂਰ ਹੋਵੇ ਅਤੇ ਸੁੱਕੇ ਮਾਦੇ ਦੀ ਮਾਤਰਾ ਵੀ ਕਾਫੀ ਹੋਵੇ। ਮੱਕੀ ਦੀ ਕਟਾਈ ਗੰਢਾਂ ਬਣਨ ਤੋਂ ਦੋਧੇ ਦਾਣਿਆਂ ਤੱਕ ਕਰ ਲਵੋ।


ਦੋਧੇ ਦਾਣਿਆਂ ਦੀ ਪਛਾਣ


ਫ਼ਸਲ ਦੀ ਕਟਾਈ

## ਅਚਾਰ ਬਣਾਉਣ ਲਈ ਟੋਏ ਨੂੰ ਭਰਨ ਦਾ ਤਰੀਕਾ

1. ਟੋਏ ਨੂੰ ਭਰਨ ਤੋਂ ਪਹਿਲਾਂ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਇਹ ਸਾਫ ਅਤੇ ਸੁੱਕਿਆ ਹੋਇਆ ਹੋਵੇ।
2. ਕੱਚੇ ਟੋਏ ਵਿੱਚ ਟੋਏ ਦੇ ਸਾਰੇ ਪਾਸਿਆਂ ਤੋਂ ਪਲਾਸਟਿਕ ਦਾ ਤਰਪਾਲ ਵਿਛਾ ਲਵੋ ਅਤੇ ਟੋਏ ਨੂੰ ਹੇਠਾਂ ਤੋਂ ਕੱਚਾ ਰੱਖੋ ਅਤੇ ਹੇਠਾਂ ਤੂੜੀ ਵਿਛਾ ਲਵੋ।
3. 30 ਫੁੱਟ ਲੰਮੇ, 15 ਫੁੱਟ ਚੌੜੇ ਅਤੇ 5-6 ਫੁੱਟ ਡੂੰਘੇ ਟੋਏ ਵਿੱਚ 400-450 ਕੁਇੰਟਲ ਹਰਾ ਚਾਰਾ (ਲਗਭਗ 2 ਤੋਂ 3 ਕਿੱਲੇ ਦਾ) ਸੰਭਾਲਿਆ ਜਾ ਸਕਦਾ ਹੈ। ਟੋਏ ਦੀ ਲੰਬਾਈ-ਚੌੜਾਈ ਪਸ਼ੂਆਂ ਦੀ ਗਿਣਤੀ ਅਤੇ ਜਰੂਰਤ ਅਨੁਸਾਰ ਘੱਟ-ਵੱਧ ਹੋ ਸਕਦੀ ਹੈ ਪ੍ਰੰਤੂ ਡੂੰਘਾਈ ਹਮੇਸ਼ਾ 5-6 ਫੁੱਟ ਹੋਣੀ ਚਾਹੀਦੀ ਹੈ।
4. ਅਚਾਰ ਬਣਾਉਣ ਲਈ ਚਾਰੇ ਦਾ 2 ਤੋਂ 3 ਇੰਚ ਮੋਟਾ ਕੁਤਰਾ ਕਰ ਲਵੋ ਅਤੇ ਇਸ ਨੂੰ ਟੋਏ ਵਿੱਚ ਭਰਨਾ ਸ਼ੁਰੂ ਕਰ ਦਿਉ।
5. ਟੋਏ ਵਿੱਚ ਕੁਤਰ ਕੇ ਪਾਏ ਚਾਰੇ ਨੂੰ ਟਰੈਕਟਰ ਜਾਂ ਬਲਦਾਂ ਦੀ ਸਹਾਇਤਾ ਨਾਲ ਚੰਗੀ ਤਰ੍ਹਾਂ ਦਬਾ ਲਉ ਅਤੇ ਇਸ ਨੂੰ ਜ਼ਮੀਨ ਦੀ ਸਤ੍ਹਾ ਤੋਂ 2-2.5 ਫੁੱਟ ਉਚਾਈ ਤੱਕ ਭਰ ਲਵੋ। ਵਧੀਆ ਅਚਾਰ ਤਿਆਰ ਕਰਨ ਲਈ ਜਰੂਰੀ ਹੈ ਕਿ ਹਰ 1-1.5 ਫੁੱਟ ਦੀ ਚਾਰੇ ਦੀ ਤਹਿ ਨੂੰ ਚੰਗੀ ਤਰ੍ਹਾਂ ਦਬਾਇਆ ਜਾਵੇ।
6. ਇਸ ਤੋਂ ਬਾਅਦ ਇਸ ਨੂੰ ਪਲਾਸਟਿਕ ਦੀ ਸ਼ੀਟ ਨਾਲ ਢੱਕ ਦਿਉ ਅਤੇ ਸ਼ੀਟ ਨੂੰ ਉੱਤੋਂ ਤੂੜੀ ਜਾਂ ਕੜਬ ਨਾਲ ਢੱਕ ਕੇ ਮਿੱਟੀ ਨਾਲ ਲਿਪ ਕੇ ਹਵਾ ਬੰਦ ਕਰ ਦਿਉ ਤਾਂ ਕਿ ਸ਼ੀਟ ਧੁੱਪ ਨਾਲ ਨਾ ਫਟੇ ਅਤੇ ਮੀਂਹ ਦਾ ਪਾਣੀ ਵੀ ਇਸ ਵਿੱਚ ਨਾ ਵੜੇ।
7. ਇਸ ਤਰੀਕੇ ਨਾਲ ਭੰਡਾਰ ਕੀਤੇ ਚਾਰੇ ਦਾ ਅਚਾਰ 45 ਦਿਨਾਂ ਵਿੱਚ ਬਣਕੇ ਤਿਆਰ ਹੋ ਜਾਂਦਾ ਹੈ।